# ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਜੋ ਮਿਤੀ 13-06-2011 ਨੂੰ ਹੋਈ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।

ਅਨੁਲੱਗ 'ੳ'

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
(ਤਾਲਮੇਲ/ਮੀਟਿੰਗਜ਼ ਸ਼ਾਖਾ)

ਨੰ:ਗਮਾਡਾ(ਤਾਲਮੇਲ/ਮੀਟਿੰਗਜ਼)ਅ-2/2011/ 7757 - 7763 ਮਿਤੀ: 17/6/2011

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਪੰਜਾਬ
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

2) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ,ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ ।

3) ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

4) ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
ਪੰਜਾਬ ਮਿੰਨੀ ਸਕੱਤਰੇਤ, ਚੰਡੀਗੜ੍ਹ।

5) ਮੁੱਖ ਨਗਰ ਯੋਜਨਾਕਾਰ, ਪੰਜਾਬ
ਚੰਡੀਗੜ੍ਹ।

6) ਮੁੱਖ ਪ੍ਰਸ਼ਾਸ਼ਕ
ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ
ਐਸ.ਏ.ਐਸ. ਨਗਰ (ਮੁਹਾਲੀ)।

ਵਿਸ਼ਾ: - ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਦੀ ਕਾਰਵਾਈ ਬਾਰੇ।

ਗਰੇਟਰ ਮੁਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਜੋ ਮਿਤੀ 13-06-2011 ਨੂੰ ਸਾਮ 4.40 ਵਜੇ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ- ਕਮ-ਚੇਅਰਮੈਨ, ਜੀ ਦੀ ਪ੍ਰਧਾਨਗੀ ਹੇਠ ਹੋਈ ਸੀ ਦੀ ਕਾਰਵਾਈ ਦੀ ਕਾਪੀ ਆਪ ਜੀ ਨੂੰ ਸੂਚਨਾ ਹਿਤ ਭੇਜੀ ਜਾਂਦੀ ਹੈ ।

ਨੱਥੀ/ਉਪਰੋਕਤ ਅਨੁਸਾਰ।

ਵਧੀਕ ਮੁੱਖ ਪ੍ਰਸਾਸਕ (ਮੁ:ਦ:)।

ਪਿੱਠ ਅੰਕਣ ਨੰ:ਗਮਾਡਾ(ਤਾਲਮੇਲ/ਮੀਟਿੰਗਜ)ਅ-2/2010/ 7764 ਮਿਤੀ: 17/6/2011

ਉਪਰੋਕਤ ਦਾ ਉਤਾਰਾ ਸਮੇਤ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਦੀ ਕਾਰਵਾਈ ਦੀ ਕਾਪੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਸੂਚਨਾਂ ਹਿੱਤ ਜੀ।

ਵਧੀਕ ਮੁੱਖ ਪ੍ਰਸਾਸਕ (ਮੁ:ਦ:) ।

ਵਿਸ਼ਾ:- ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 13-6-2011 ਨੂੰ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 14ਵੀ ਮੀਟਿੰਗ ਦੀ ਕਾਰਵਾਈ ਬਾਰੇ ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 13-6-2011 ਨੂੰ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਵੀ ਭਾਗ ਲਿਆ :-

1) ਡਾ. ਐਸ. ਐਸ. ਸੰਧੂ, ਆਈ ਏ ਐਸ,
ਸਕੱਤਰ,ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ
ਵਿਭਾਗ, ਪੰਜਾਬ-ਕਮ-ਵਾਈਸ ਚੇਅਰਮੈਨ,ਗਮਾਡਾ

2) ਸ੍ਰੀ ਦਲੀਪ ਕੁਮਾਰ, ਆਈ ਏ ਐਸ,
ਵਿਸ਼ੇਸ਼ ਸਕੱਤਰ, ਪੰਜਾਬ,
(ਪ੍ਰਮੁੱਖ ਸਕੱਤਰ (ਵਿੱਤ) ਦਾ ਨੁਮਾਇੰਦਾ) ।

3) ਸ੍ਰੀ ਐਸ ਕੇ ਸ਼ਰਮਾ, ਪੀ ਸੀ ਐਸ (ਰਿਟਾਇਰਡ),
ਵਧੀਕ ਸਕੱਤਰ, ਪੰਜਾਬ,
(ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਦਾ ਨੁਮਾਇੰਦਾ ) ।

4) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।

5) ਸ੍ਰੀ ਸਰਵਜੀਤ ਸਿੰਘ, ਆਈ ਏ ਐਸ,
ਮੁੱਖ ਪ੍ਰਸ਼ਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
ਮੋਹਾਲੀ।

ਵਿਸ਼ੇਸ਼ ਤੌਰ ਤੇ ਸ਼ਾਮਿਲ ਅਧਿਕਾਰੀ

1) ਸ੍ਰੀ ਪ੍ਰਵੀਨ ਕੁਮਾਰ ਥਿੰਡ, ਆਈ ਏ ਐਸ,
ਵਧੀਕ ਮੁੱਖ ਪ੍ਰਸ਼ਾਸਕ(ਮੁੱ.ਦ/ਪਾਲਿਸੀ)
ਗਮਾਡਾ, ਮੋਹਾਲੀ।

2) ਸ੍ਰੀ ਰਾਜੇਸ਼ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸ਼ਾਸਕ ( ਵਿੱਤ ਤੇ ਲੇਖਾ)
ਗਮਾਡਾ, ਮੋਹਾਲੀ।

3) ਸ੍ਰੀ ਮਨਜੀਤ ਸਿੰਘ ਬਰਾੜ, ਪੀ.ਸੀ.ਐਸ,
ਵਧੀਕ ਮੁੱਖ ਪ੍ਰਸ਼ਾਸਕ (ਐਮ),
ਗਮਾਡਾ ਮੋਹਾਲੀ।

4) ਸ੍ਰੀ ਹਰਗੁਨਜੀਤ ਕੋਰ, ਪੀ.ਸੀ.ਐਸ,
ਭੌਂ ਪ੍ਰਾਪਤੀ ਕੂਲੈਕਟਰ,
ਮੋਹਾਲੀ ।

4) ਸ੍ਰੀ ਗੁਰਪ੍ਰੀਤ ਸਿੰਘ,
ਜਿਲਾ ਨਗਰ ਯੋਜਨਾਕਾਰ
ਗਮਾਡਾ, ਮੋਹਾਲੀ।

5) ਸ੍ਰੀ ਜਤਿੰਦਰ ਮੋਹਨ
ਨਿਗਰਾਨ ਇੰਜੀਨੀਅਰ(ਸੀ-2),
ਗਮਾਡਾ, ਮੋਹਾਲੀ।

ਮੀਟਿੰਗ ਵਿਚ ਹੇਠ ਦਰਸਾਏ ਗਏ ਲੜੀਵਾਰ ਅਜੰਡਾ ਆਈਟਮਾਂ ਅਨੁਸਾਰ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

ਮੱਦ ਨੰ: 14.01

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 14ਵੀਂ ਮੀਟਿੰਗ ਜੋ ਮਿਤੀ 27-01-2011 ਨੂੰ ਹੋਈ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।

ਕਾਰਜਕਾਰੀ ਕਮੇਟੀ ਵੱਲੋਂ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 14.02

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ ਮਿਤੀ 27-01-2011 ਨੂੰ ਹੋਈ 13ਵੀਂ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਕੀਤੀ ਗਈ ਕਾਰਵਾਈ।

ਕਾਰਜਕਾਰੀ ਕਮੇਟੀ ਵੱਲੋਂ ਕੀਤੀ ਗਈ ਕਾਰਵਾਈ ਤੇ ਗੌਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

ਮੱਦ ਨੰ: 14.03

46/52 ਅਤੇ 48 ਐਲ ਆਈ ਜੀ ਸਕੀਮ ਅਧੀਨ ਉਸਾਰੇ ਗਏ ਮਕਾਨਾਂ ਨੂੰ ਬੋਲੀ ਰਾਹੀਂ ਵੇਚਣ ਸਬੰਧੀ।

ਮੱਦ ਪ੍ਰਵਾਨ ਹੈ।

ਮੱਦ ਨੰ: 14.04

ਕਲਚਰਲ ਅਤੇ ਲਿਟਰੇਰੀ ਐਕਟੀਵਿਟੀ ਲਈ ਇੰਸਟੀਚਿਊਸ਼ਨਲ ਸਾਈਟਾਂ ਅਲਾਟ ਕਰਨ ਬਾਰੇ।

ਮੱਦ ਪ੍ਰਵਾਨ ਹੈ।

ਮੱਦ ਨੰ: 14.05

ਪਲਾਟਾਂ ਦੀ ਅਲਾਟਮੈਂਟ ਲਈ ਫਿਜੀਕਲੀ ਹੈਂਡੀਕੈਪਡ/ਬਲਾਈਂਡਸ ਲਈ ਰਾਖਵੇਂ ਰੱਖੇ ਗਏ 3% ਪਲਾਟਾਂ/ਮਕਾਨਾਂ ਦੀ ਰਿਜਰਵੇਸ਼ਨ ਲਈ ਯੋਗਤਾਵਾਂ ਨਿਰਧਾਰਤ ਕਰਨ ਬਾਰੇ।

ਮੱਦ ਪ੍ਰਵਾਨ ਹੈ।

ਮੱਦ ਨੰ: 14.06

ਸੈਕਟਰ 62 ਮੋਹਾਲੀ ਵਿਖੇ ਅੰਤਰਰਾਸ਼ਟਰੀ ਕੰਨਵੈਂਸ਼ਨ ਸੈਂਟਰ ਅਤੇ ਐਗਜੀਵੀਸ਼ਨ ਸੈਂਟਰ ਕਮ ਪੰਜ ਸਿਤਾਰਾ ਹੋਟਲ ਦੀ ਉਸਾਰੀ ਬਾਰੇ-ਤਾਜਾ ਸਥਿਤੀ।

ਮੱਦ ਪ੍ਰਵਾਨ ਹੈ।

ਮੱਦ ਨੰ: 14.07

ਬੱਸ ਸਟੈਂਡ-ਕਮ-ਕਮਰਸ਼ੀਅਲ ਕੰਪਲੈਕਸ ਸੈਕਟਰ-57 ਐਸ ਏ ਐਸ ਨਗਰ, ਮੋਹਾਲੀ ਦੀ ਫਾਈਨੈਂਸ਼ੀਅਲ ਕਲੋਜ਼ਰ ਬਾਰੇ।

ਕਮੇਟੀ ਵੱਲੋ ਮੱਦ ਤੇ ਵਿਚਾਰ ਕਰਦੇ ਹੋਏ ਮਹਿਸੂਸ ਕੀਤਾ ਗਿਆ ਕਿ Concessionaire ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਨੂੰ ਐਗਰੀਮੈਂਟ ਦੀ ਧਾਰਾਵਾਂ 19.1.1 ਅਤੇ 19.2.1 ਦੀ

ਰੋਸ਼ਨੀ ਵਿੱਚ ਪ੍ਰੇਖਣ ਕਰਨ ਦੀ ਲੋੜ ਹੈ । ਵਿਚਾਰ-ਵਟਾਂਦਰੇ ਉਪਰੰਤ ਕਮੇਟੀ ਵੱਲੋ ਫੈਸਲਾ ਕੀਤਾ ਗਿਆ ਕਿ ਜਿਹੜੇ Transaction Advsisor (Feedback Ventures) ਵੱਲੋ ਵਿਸੇ ਸਬੰਧੀ ਆਰ ਐਫ ਪੀ ਅਤੇ concession agreement ਬਣਾਇਆ ਗਿਆ ਹੈ, ਉਹਨਾਂ ਵੱਲੋ ਵਿਸੇ ਸਬੰਧੀ ਟਿੱਪਣੀ ਲਈ ਜਾਵੇ ਅਤੇ ਕਮੇਟੀ ਦੀ ਅਗਲੀ ਮੀਟਿੰਗ ਵਿਚ ਵਿਚਾਰਨ ਲਈ ਪੇਸ ਕੀਤਾ ਜਾਵੇ ।

<u>ਮੱਦ ਨੰ: 14.08</u>

ਤਜਵੀਜਤ ਮੁੱਲਾਂਪੁਰ ਪਲੈਨਿੰਗ ਏਰੀਏ ਦੇ ਸਰਵੇ ਕਰਵਾਉਣ ਉਪਰ ਵਾਧੂ ਖਰਚ ਹੋਈ ਰਕਮ ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ।

ਮੱਦ ਪ੍ਰਵਾਨ ਹੈ।

<u>ਮੱਦ ਨੰ: 14.09</u>

ਪੰਜਾਬ ਸਰਕਾਰ ਨੂੰ ਥੋੜੇ ਸਮੇਂ ਲਈ ਦਿੱਤੇ ਗਏ 20.00 ਕਰੋੜ ਰੁਪਏ ਦੇ ਕਰਜੇ ਦੀ ਵਾਪਸੀ/ਅਡਜਸਟਮੈਂਟ ਬਾਰੇ।

ਮੱਦ ਪ੍ਰਵਾਨ ਹੈ।

<u>ਮੱਦ ਨੰ: 14.10</u>

ਲਾਇਸੈਂਸ ਫੀਸ ਦੀ ਰਕਮ ਵਿੱਚੋ. ਗਮਾਡਾ ਏਰੀਏ ਦਾ ਵਿਕਾਸ ਕਰਨ ਸਬੰਧੀ।

ਮੱਦ ਪ੍ਰਵਾਨ ਹੈ।

<u>ਮੱਦ ਨੰ: 14.11</u>

ਨਵੇਂ ਸੈਕਟਰਾਂ/ਸਕੀਮਾਂ ਦੇ ਵਿਕਸਿਤ ਕੰਮਾਂ ਸਬੰਧੀ ਕਾਰਵਾਈ ਕਰਨੀ ਅਤੇ ਲਾਗੂ ਕਰਨਾ।

ਮੱਦ ਪ੍ਰਵਾਨ ਹੈ।

<u>ਮੱਦ ਨੰ: 14.12</u>

ਐਸ ਏ ਐਸ ਨਗਰ ਵਿੱਚ ਪੈਂਦੀਆਂ ਵੱਖ ਵੱਖ ਸੈਕਟਰਾਂ ਵਿੱਚ ਪੀ ਡਬਲਿਊ ਡੀ ਦੇ ਕਬਜੇ ਅਧੀਨ ਆਉਂਦੀ ਭੌਂ ਬਾਰੇ।

ਕਾਰਜਕਾਰੀ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਇਸ ਬਾਰੇ ਲੋਕ ਨਿਰਮਾਣ ਵਿਭਾਗ ਦੀ ਟਿੱਪਣੀ ਲੈ ਲਈ ਜਾਵੇ।

ਮੱਦ ਨੰ: 14.13

**ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਵੱਖ ਵੱਖ ਸ੍ਰੇਣੀ ਦੇ ਪਲਾਟਾਂ ਦੀ ਆਧਾਰ ਕੀਮਤ ਨਿਰਧਾਰਿਤ ਕਰਨ ਬਾਰੇ।**

ਕਾਰਜਕਾਰੀ ਕਮੇਟੀ ਵੱਲੋਂ ਵਿਚਾਰ ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਵੱਖ ਵੱਖ ਸ੍ਰੇਣੀ ਦੇ ਰਿਹਾਇਸ਼ੀ ਪਲਾਟਾਂ ਦੀ ਨਵੀਂ ਆਧਾਰ ਕੀਮਤ ਨਿਰਧਾਰਤ ਕੀਤੀ ਗਈ :-

| ਫੇਜ਼ 1 ਤੋਂ 11, ਸੈਕਟਰ 66 ਤੋਂ ਸੈਕਟਰ 71 | ਸੈਕਟਰ 76-80 | ਸੈਕਟਰ 81 ਤੋਂ ਬਾਅਦ ਦੇ ਸੈਕਟਰ |
|---|---|---|
| 35000/- | 30000/- | 25000/- |

ਮੱਦ ਨੰ: 14.14

**ਸੈਕਟਰ 76-80 ਦੇ ਵਿਕਾਸ ਲਈ ਐਕੁਆਇਰ ਕੀਤੀ ਭੌਂ ਪ੍ਰਤੀ ਅੰਦਾਜਨ 102 ਏਕੜ ਵਜੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡਿਸਮਿਸ ਕੀਤੀ ਗਈ ਰਿਟ ਮਗਰੋਂ ਭੌਂ ਮਾਲਕਾਂ ਨੂੰ ਮੁਆਵਜੇ ਦੀ ਰਕਮ ਉੱਤੇ ਵਿਆਜ ਦੇਣ ਬਾਰੇ।**

ਕਮੇਟੀ ਵੱਲੋਂ ਵੱਖ ਵੱਖ ਕਾਨੂੰਨੀ ਪਹਿਲੂਆਂ ਅਤੇ ਸੀਨੀਅਰ ਐਡਵੋਕੇਟ ਵੱਲੋਂ ਦਿੱਤੀ ਗਈ ਸਲਾਹ ਉਪਰੰਤ ਵਿਆਜ ਨਾ ਦੇਣ ਦਾ ਫੈਸਲਾ ਕੀਤਾ ਗਿਆ।

**ਸਪਲੀਮੈਂਟਰੀ ਅਜੰਡੇ**

ਮੱਦ ਨੰ: 14.15

**ਸ਼ਹਿਰੀ ਮਿਲਖ ਐਸ ਏ ਐਸ ਨਗਰ ਵਿਖੇ ਆਈ ਟੀ ਸਿਟੀ, ਮੁਲਾਂਪੁਰ ਅਰਬਨ ਐਸਟੇਟ ਫੇਜ਼-1 ਮੁਲਾਂਪੁਰ ਅਰਬਨ ਐਸਟੇਟ ਫੇਜ-2 ਅਤੇ ਮੈਡੀਸਿਟੀ ਮੁਲਾਂਪੁਰ(ਹੈਲਥ ਫੈਸਿਲਟੀ) ਲਈ ਦਿੱਤੀ ਜਾਣ ਵਾਲੀ ਲੈਂਡ ਪੂਲਿੰਗ ਵਿੱਚ ਸੋਧ ਕਰਨ ਬਾਰੇ।**

ਕਮੇਟੀ ਵੱਲੋਂ ਵਿਸ਼ੇ ਸਬੰਧੀ ਲੈਂਡ ਪੂਲਿੰਗ ਸਕੀਮ ਵਿੱਚ ਤਜ਼ਵੀਜ ਕੀਤੀ ਸੋਧ ਤੇ ਵਿਚਾਰ ਕਰਦੇ ਹੋਏ ਤਜਵੀਜ ਨਾਲ ਸਹਿਮਤੀ ਪ੍ਰਗਟ ਕੀਤੀ ਗਈ ਅਤੇ ਸਿਫਾਰਸ਼ ਕੀਤੀ ਕਿ ਮੱਦ ਨੂੰ ਅਥਾਰਟੀ ਦੀ ਹੋਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਪੇਸ਼ ਕੀਤਾ ਜਾਵੇ।

ਮੀਟਿੰਗ ਧੰਨਵਾਦ ਸਹਿਤ ਖਤਮ ਕੀਤੀ ਗਈ ।

ਮੁੱਖ ਸਕੱਤਰ,
ਪੰਜਾਬ ।